**ਮਿਤੀ: ੧੦ ਮਈ ੨੦੨੫**

ਸਤਿਕਾਰਯੋਗ ਐਡਵੋਕੇਟ ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

**ਵਿਸ਼ਾ: ਸ਼੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਅਤੇ ਸਰਬੱਤ ਖ਼ਾਲਸਾ ਬਾਰੇ ਵਿਚਾਰ ਅਤੇ ਸੁਝਾਅ**

ਪਿਛਲੀ ਦਿਨੀਂ ਆਪ ਜੀ ਵੱਲੋਂ ਜਿਸ ਵਿਸ਼ੇ ਤੇ ਸੁਝਾਅ ਮੰਗੇ ਗਏ ਸਨ, ਸਰਬੱਤ ਖ਼ਾਲਸਾ ਜਥੇਬੰਦੀ ਉਸੇ ਬਾਰੇ ਗੁਰਮਤਿ ਅਤੇ ਗੁਰੂ-ਇਤਿਹਾਸ ਦੇ ਚਾਨਣ ਵਿੱਚ ਸੰਗਤ ਦੀ ਕਚਿਹਰੀ ਵਿੱਚ ਵਿਚਾਰ ਅਤੇ ਸੁਝਾਅ ਰੱਖ ਰਹੀ ਹੈ।

ਇਕ ਗੱਲ ’ਤੇ ਸਮੁੱਚੀ ਸਿੱਖ ਕੌਮ ਸਹਿਮਤ ਹੈ ਕਿ ਰਾਜਸੀ ਦਖਲਅੰਦਾਜ਼ੀ ਨੇ ਲਗਭਗ ਹਰ ਸਿੱਖ ਸੰਸਥਾ ਦੀ ਸਾਖ਼ ਨੂੰ ਵੱਡੀ ਢਾਹ ਲਾਈ ਹੈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਸ਼ਾਮਲ ਹੈ। ਐਸੇ ਮਾਹੌਲ ਵਿੱਚ ਜਦ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖੁਦ ਨੂੰ ਰਾਜਸੀ ਦਖਲਅੰਦਾਜ਼ੀ ਤੋਂ ਮੁਕਤ ਨਹੀਂ ਕਰ ਲੈਂਦੀ, ਉਸ ਵੱਲੋਂ ਹੋਰਨਾਂ ਸਿੱਖ ਸੰਸਥਾਵਾਂ ਵਿੱਚ ਸੁਧਾਰ ਦੀ ਗੱਲ ਬੇਅਰਥ ਹੋਵੇਗੀ।

ਅੱਜ ਦੇ ਹਾਲਾਤਾਂ ਤੋਂ ਬਾਹਰ ਆਉਣ ਵਾਸਤੇ ਸਾਨੂੰ ਗੁਰਮਤਿ ਦੀ ਰੋਸ਼ਨੀ ਵਿੱਚ ਹਰ ਪੱਖ ਤੋਂ ਮੁੜ ਵਿਚਾਰ ਕਰਨੀ ਹੋਵੇਗੀ। ਜਦ ਗੁਰੂ ਕਾਲ ਵਿੱਚ ਇਸ ਤਰਾਂ ਦੀਆਂ ਚੁਣੌਤੀਆਂ ਆਈਆਂ ਸਨ, ਤਾਂ ਗੁਰੂ ਸਾਹਿਬਾਨ ਨੇ ਸਾਡੇ ਵਾਸਤੇ ਕੀ ਪੂਰਨੇ ਪਾਏ ਸਨ? ਜੇਕਰ ਗੁਰਬਾਣੀ ਦੀ ਸੇਧ ਅਤੇ ਗੁਰੂ ਸਾਹਿਬਾਨ ਦੇ ਲਾਸਾਨੀ ਇਤਿਹਾਸ ਹੁੰਦਿਆਂ ਦੇ ਬਾਵਜੂਦ ਅਸੀਂ ਉਸ ਅਨੁਸਾਰ ਨਾ ਚੱਲੀਏ, ਤਾਂ ਫਿਰ ਖੁਆਰ ਹੋਣਾ ਸੁਭਾਵਕ ਹੈ:
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**

ਸਾਨੂੰ ਆਤਮ-ਚਿੰਤਨ ਕਰਨਾ ਪਵੇਗਾ ਕਿ ਜਿਹਨਾਂ ਰੀਤਾਂ ਨੂੰ ਅਸੀਂ 'ਪੁਰਾਤਨ ਪਰੰਪਰਾ' ਸਮਝਕੇ ਅਪਣਾ ਬੈਠੇ ਹਾਂ, ਕੀ ਉਹ ਗੁਰਮਤਿ ਅਨੁਸਾਰ ਸਹੀ ਹਨ? ਜੇ ਨਹੀਂ, ਤਾਂ ਗੁਰਬਾਣੀ ਸਾਨੂੰ ਐਸੀਆਂ ਰੀਤਾਂ ਦੇ ਜੰਜਾਲ ਤੋਂ ਮੁਕਤ ਹੋਣ ਦੀ ਪ੍ਰੇਰਨਾ ਕਰਦੀ ਹੈ:
**ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥**
**ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥**

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਮ ਆਉਂਦਿਆਂ ਹੀ ਧਿਆਨ ਮੀਰੀ-ਪੀਰੀ ਦੇ ਸਿਧਾਂਤ ਵੱਲ ਜਾਂਦਾ ਹੈ। ਮੀਰੀ ਤੋਂ ਭਾਵ ਸੰਸਾਰਕ ਸਮਰੱਥਾ ਹਾਸਲ ਕਰਨਾ ਹੈ ਅਤੇ ਪੀਰੀ ਤੋਂ ਭਾਵ ਅਧਿਆਤਮਿਕ ਉੱਥਾਨ ਹੈ। ਅਧਿਆਤਮਿਕ ਉੱਥਾਨ ਦੀ ਨਿਸ਼ਾਨੀ ਰੂਹਾਨੀ ਗੁਣ ਹਨ। ਜੋ ਇਨਸਾਨ ਕਰਤਾਰ ਦੇ ਹੁਕਮ ਵਿਚ ਚੱਲੇਗਾ, ਉਹ ਨਿਸ਼ਚਿਤ ਰੂਪ ਵਿਚ ਨਿਰਭਉ ਦੇ ਗੁਣ ਨੂੰ ਧਾਰਨ ਕਰਕੇ ਅੱਤਿਆਚਾਰ ਅਤੇ ਅਸਮਾਨਤਾ ਦੇ ਖਿਲਾਫ ਖੜ੍ਹਾ ਹੋਵੇਗਾ। ਸੱਚੇ ਮਾਰਗ 'ਤੇ ਚੱਲਣ ਵਾਲਿਆਂ ਦਾ ਮਾਰਗ ਹਮੇਸ਼ਾ ਔਖਾ ਹੁੰਦਾ ਹੈ। ਜ਼ਾਲਮਾਂ ਵੱਲੋਂ ਪਰੇਸ਼ਾਨ ਕਰਨਾ ਜਾਂ ਉਹਨਾਂ 'ਤੇ ਹਮਲਾਵਰ ਹੋਣਾ ਆਮ ਗੱਲ ਹੁੰਦੀ ਹੈ। ਅਜਿਹੇ ਵਿਚ ਸੰਤ ਦਾ ਸਿਪਾਹੀ ਹੋਣਾ ਵੀ ਜ਼ਰੂਰੀ ਬਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪ ਰਾਜ-ਜੋਗ ਦਾ ਜੀਵਨ ਜੀਅ ਕੇ ਦੱਸਿਆ, ਜਿਸ ਬਾਰੇ ਭੱਟ ਜੀ ਫ਼ੁਰਮਾਉਂਦੇ ਹਨ:
**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥**

ਮੀਰੀ-ਪੀਰੀ ਦਾ ਇਹ ਸੁਮੇਲ ਹੀ ਪ੍ਰਭੁਤਾ ਦੇ ਵੱਲ ਲੈ ਕੇ ਜਾਂਦਾ ਹੈ। ਮੀਰੀ-ਪੀਰੀ ਦਾ ਉਦੇਸ਼ ਇਹ ਸਥਾਪਤ ਕਰਦਾ ਹੈ ਕਿ ਸਿੱਖਾਂ ਨੂੰ ਮੀਰੀ (ਸੰਸਾਰਕ ਸਮਰੱਥਾ) ਨੂੰ ਹਾਸਲ ਕਰਨਾ ਹੈ, ਪਰ ਆਪਣੀ ਸਮਰੱਥਾ ਪੀਰੀ (ਸ਼ਬਦ-ਗੁਰੂ) ਦੇ ਅਧੀਨ ਹੋ ਕੇ ਹੀ ਵਿਕਸਿਤ ਕਰਨੀ ਹੈ।

ਅੱਜ ਦਾ ਦੁਖਾਂਤ ਇਹ ਹੈ ਕਿ 'ਮੀਰੀ-ਪੀਰੀ' ਅਤੇ 'ਅਕਾਲ ਤਖ਼ਤ' ਦਾ ਨਾਮ ਵਰਤ ਕੇ ਗੁਰਮਤਿ ਸਿਧਾਂਤਾਂ ਨੂੰ ਸਿਆਸਤ ਦੇ ਅਧੀਨ ਕਰਨ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। ਜਿਸ ਮੀਰੀ ਨੇ ਪੀਰੀ ਤੋਂ ਦਿਸ਼ਾ ਨਾ ਲਈ, ਉਸ ਦਾ ਜ਼ਾਲਮ, ਕਪਟੀ ਤੇ ਭ੍ਰਿਸ਼ਟ ਹੋ ਜਾਣਾ ਸੁਭਾਵਕ ਹੋ ਜਾਂਦਾ। ਇਹ ਵਰਤਾਰਾ ਅੱਜ ਦੀ ਸਿੱਖ ਸਿਆਸਤ ਦਾ ਹੈ, ਜਿਸ ਕਰਕੇ ਸਿੱਖ ਸੰਸਥਾਵਾਂ ਨਿਘਾਰ ਵੱਲ ਜਾ ਰਹੀਆਂ ਹਨ ਅਤੇ ਹਰ ਸੰਜੀਦਾ ਸਿੱਖ ਇਸ ਬਾਰੇ ਚਿੰਤਤ ਹੈ।

ਮੀਰੀ-ਪੀਰੀ ਦਾ ਸਿਧਾਂਤ ਸਿੱਖਾਂ ਦੀ ਹਰ ਸੰਸਥਾ ਅਤੇ ਜੀਵਨ ਦੇ ਹਰ ਪੱਖ 'ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ' ਲਈ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਹੀ ਮੀਰੀ-ਪੀਰੀ ਦੇ ਸਿਧਾਂਤ ਨੂੰ ਰੂਪਮਾਨ ਕੀਤਾ ਗਿਆ ਸੀ। ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਸੰਗਤ-ਪੰਗਤ ਨੂੰ ਕਰਤਾਰਪੁਰ ਵਿਖੇ ਰੂਪਮਾਨ ਕੀਤਾ ਸੀ ਅਤੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਅਨੰਦਪੁਰ 'ਚ ਪ੍ਰਗਟ ਕੀਤਾ ਸੀ। ਜੇ ਖੰਡੇ-ਬਾਟੇ ਦੀ ਪਾਹੁਲ ਦੀ ਦਾਤ ਲੈਣ ਲਈ ਅਨੰਦਪੁਰ ਵਿਚ ਹੋਣਾ ਲਾਜ਼ਮੀ ਨਹੀਂ ਅਤੇ ਸੰਗਤ-ਪੰਗਤ ਵਾਸਤੇ ਕਰਤਾਰਪੁਰ ਹੋਣਾ ਲਾਜ਼ਮੀ ਨਹੀਂ, ਇਸੇ ਤਰਾਂ ਮੀਰੀ-ਪੀਰੀ ਦੇ ਸਿਧਾਂਤ ਦੀ ਨਿਰੰਤਰਤਾ ਲਈ ਅਕਾਲ ਬੁੰਗੇ (ਅਕਾਲ ਤਖ਼ਤ) ਦਾ ਸਥਾਨ ਲਾਜ਼ਮੀ ਨਹੀਂ। ਸਿਧਾਂਤ ਕਿਸੇ ਇਕ ਸਥਾਨ ਤੱਕ ਸੀਮਤ ਨਹੀਂ ਹੁੰਦਾ।

ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਅਕਾਲ ਬੁੰਗੇ ਉੱਤੇ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸਰਕਾਰੀ ਸ਼ਹਿ 'ਤੇ ਸਿੱਖ-ਵਿਰੋਧੀ ਤਾਕਤਾਂ ਕਾਬਜ਼ ਹੋ ਚੁਕੀਆਂ ਸਨ। ਅਕਾਲ ਬੁੰਗੇ ਦੇ ਨਿਰਮਾਣ ਤੋਂ ਕੁਝ ਸਾਲ ਬਾਅਦ ਹੀ ਛੇਵੇਂ ਪਾਤਸ਼ਾਹ ਨੇ ਸਿੱਖੀ ਦਾ ਕੇਂਦਰ, ਕੀਰਤਪੁਰ ਸਥਾਪਤ ਕਰ ਦਿੱਤਾ ਸੀ, ਜਿਸ ਉਪਰੰਤ ਕੋਈ ਗੁਰੂ ਸਾਹਿਬ ਅਕਾਲ ਬੁੰਗੇ ਨਹੀਂ ਗਏ। ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅੰਮ੍ਰਿਤਸਰ ਪਹੁੰਚੇ, ਤਾਂ ਪੁਜਾਰੀਆਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਹੀ ਬੰਦ ਕਰ ਲਏ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਥੋੜ੍ਹੇ ਸਮੇਂ ਵਿੱਚ ਹੀ ਖਾਲਸੇ ਨੇ ਬੇਮਿਸਾਲ ਜਿੱਤਾਂ ਹਾਸਲ ਕੀਤੀਆਂ ਸਨ, ਜ਼ਾਲਮਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਪਹਿਲਾ ਖਾਲਸਾ ਰਾਜ ਸਥਾਪਤ ਕੀਤਾ। ਇਸ ਸਮੇਂ ਦੌਰਾਨ ਵੀ ਅਕਾਲ ਬੁੰਗਾ ਪੁਜਾਰੀਆਂ ਦੇ ਅਧੀਨ ਹੀ ਰਿਹਾ। ਗੁਰੂ ਸਾਹਿਬਾਨ ਨੇ ਸਿਧਾਂਤ ਦੀ ਸਥਿਰਤਾ ਨੂੰ ਮੁੱਖ ਰੱਖਣ ਦੀ ਪ੍ਰੇਰਨਾ ਕੀਤੀ ਹੈ। ਸਾਨੂੰ ਗੁਰੂ ਸਾਹਿਬ ਜੀ ਦੇ ਜੀਵਨ ਤੋਂ ਸੇਧ ਲੈਕੇ ਮੀਰੀ-ਪੀਰੀ ਦੇ ਸਿਧਾਂਤ ਦੀ ਸੰਭਾਲ ਕਰਨੀ ਬਣਦੀ ਹੈ, ਜੋ ਸਥਾਨ ਤੋਂ ਮੁਕਤ ਹੈ। ਇਸ ਅਤਿ ਜ਼ਰੂਰੀ ਨੁਕਤੇ ਨੂੰ ਅਮਲ ਵਿੱਚ ਲਿਆਏ ਬਗੈਰ ਸਿੱਖ-ਪੰਥ, ਧਾਰਮਕ ਖੁਦ-ਮੁਖਤਿਆਰੀ ਹਾਸਲ ਨਹੀਂ ਕਰ ਸਕੇਗਾ।

ਸਿੱਖ ਸਿਧਾਂਤ ਦੀ ਰਾਖੀ ਵਾਸਤੇ ਪੰਚ-ਪ੍ਰਧਾਨੀ ਸੰਕਲਪ ਅਧੀਨ ਹੱਲ ਲੱਭਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਚ-ਪ੍ਰਧਾਨੀ ਸੰਕਲਪ ਨੂੰ ਪੰਜ ਪਿਆਰਿਆਂ ਵੱਜੋਂ ਰੂਪਮਾਨ ਕੀਤਾ ਸੀ। ਸਾਨੂੰ ਇਸੇ ਤੋਂ ਸੇਧ ਲੈਣੀ ਚਾਹੀਦੀ ਹੈ। ਪੰਜੇ ਪਿਆਰੇ ਬਰਾਬਰ ਹਨ, ਈਸਾਈਆਂ ਦੇ ਪੋਪ ਦੀ ਨਕਲ ਵਿਚ ਕਿਸੇ ਇਕ ਨੂੰ 'ਅਕਾਲ ਤਖ਼ਤ ਦਾ ਜਥੇਦਾਰ' ਨਿਯੁਕਤ ਕੀਤਾ ਜਾਣਾ ਪੰਜ ਪਿਆਰਿਆਂ ਦੀ ਸੰਸਥਾ ਨੂੰ ਬੇਅਰਥ ਬਣਾ ਦਿੰਦਾ ਹੈ ਅਤੇ ਗੁਰੂ ਦੀ ਬਰਾਬਰੀ ਕਰਨ ਤੁੱਲ ਹੋ ਜਾਂਦਾ ਹੈ।

ਪੰਚ-ਪ੍ਰਧਾਨੀ ਸੰਕਲਪ ਦੀ ਪੂਰਤੀ ਵਾਸਤੇ ਸਰਬੱਤ ਖ਼ਾਲਸਾ ਦੀ ਕਾਇਮੀ ਜ਼ਰੂਰੀ ਹੋ ਜਾਂਦੀ ਹੈ ਅਤੇ ਇਹ ਹੀ ਸਭ ਤੋਂ ਵੱਧ ਲੋੜੀਂਦਾ ਕਾਰਜ ਹੈ। ਸਰਬੱਤ ਖ਼ਾਲਸਾ ਨੂੰ ਮੁੜ ਸੁਰਜੀਤ ਕਰਨ ਵਾਸਤੇ ਪਿਛਲੇ ਲੰਮੇ ਸਮੇਂ ਤੋਂ ਦੇਸ਼-ਵਿਦੇਸ਼ ਦੇ ਗੁਰਸਿੱਖ ਵੀਰ-ਭੈਣਾਂ ਸਿਰ ਜੋੜ ਕੇ ਵਿਚਾਰ ਕਰ ਰਹੇ ਸਨ ਅਤੇ ਹੁਣ ਸਰਬੱਤ ਖ਼ਾਲਸਾ ਜਥੇਬੰਦੀ ਹੋਂਦ ਵਿੱਚ ਆ ਗਈ ਹੈ। ਇਸ ਨੂੰ ਇਸ ਤਰਾਂ ਪਰਿਭਾਸ਼ਿਤ ਕੀਤਾ ਗਿਆ ਹੈ:

**ਸਰਬੱਤ ਖਾਲਸਾ ਜਥੇਬੰਦੀ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖੁਦਮੁਖਤਿਆਰ ਸੰਸਥਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ, ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ।**

ਇਸ ਸਭ ਦਾ ਵੇਰਵਾ ਵੈਬਸਾਈਟ (https://sarbatkhalsa.world) ਤੋਂ ਦੇਖਿਆ ਜਾ ਸਕਦਾ ਹੈ। ਸਰਬੱਤ ਖ਼ਾਲਸਾ ਨੂੰ ਹੇਠ ਲਿਖੇ ਚਾਰ ਥੰਮਾਂ 'ਤੇ ਜਥੇਬੰਦ ਕੀਤਾ ਗਿਆ ਹੈ:

1) **ਸਿਧਾਂਤਕ ਸਾਂਝ:** ਸਰਬੱਤ ਖਾਲਸਾ ਜਥੇਬੰਦੀ, ਵੱਧ ਤੋਂ ਵੱਧ ਸਿਧਾਂਤਕ ਸਾਂਝ ਦੇ ਅਧੀਨ ਇਕੱਠੇ ਹੋਏ ਸਿੱਖਾਂ ਦਾ ਸਾਂਝਾ ਮੰਚ ਹੈ। ਇਹ ਸਿਧਾਂਤਕ ਸਾਂਝ ਇਸ ਤਰਾਂ ਹੈ- "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤਿ-ਸਰੂਪ ਦਸਾਂ ਜਾਮਿਆਂ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ ਰਖਣ ਵਾਲੇ ਦੁਨੀਆਂ ਭਰ ਦੇ ਗੁਰਸਿੱਖ ਇਸਤਰੀ-ਪੁਰਖਾਂ ਦੇ ਸਾਂਝੇ ਮੰਚ ਨੂੰ ਸਰਬੱਤ ਖਾਲਸਾ ਜਥੇਬੰਦੀ ਕਹਿੰਦੇ ਹਨ।"

2) **ਨੁਮਾਇੰਦਗੀ:** ਸਰਬੱਤ ਖਾਲਸਾ ਜਥੇਬੰਦੀ, ਸਾਰੀ ਦੁਨੀਆਂ ਵਿੱਚ ਵੱਸਦੀ ਸਿੱਖ ਸੰਗਤ ਦੀ ਨੁਮਾਇੰਦਗੀ ਕਰਦੀ ਹੈ, ਜਿਸ ਲਈ ਕੋਈ ਵੀ ਸਿੱਖ ਸੰਸਥਾ ਇਸ ਨਾਲ ਜੁੜ ਕੇ ਆਪਣੇ ਨੁਮਾਇੰਦੇ ਨਾਮਜ਼ਦ ਕਰ ਸਕਦੀ ਹੈ। ਇਹਨਾਂ ਨਾਮਜ਼ਦਗੀਆਂ ਵਿੱਚੋਂ ਹੀ ਨਿਰਧਾਰਿਤ ਵਿਧਾਨ ਅਨੁਸਾਰ ਪੰਜ ਪ੍ਰਧਾਨੀ ਕੌਂਸਲ ਚੁਣੀ ਜਾਂਦੀ ਹੈ।
੧ ਵੈਸਾਖ, ੧੪ ਅਪ੍ਰੈਲ ੨੦੨੫ ਨੂੰ, ਪੰਜ ਪ੍ਰਧਾਨੀ ਕੌਂਸਲ ਚੁਣੀ ਗਈ ਸੀ ਅਤੇ ਸ਼ੁਰੂਆਤ ਕਰਨ ਵਾਸਤੇ ਅਮਲੀ ਰੂਪ ਦੇ ਦਿੱਤਾ ਗਿਆ ਹੈ।

ਇਸ ਨਾਲ ਹਰ ਉਹ ਸੰਸਥਾ ਜੁੜ ਸਕਦੀ ਹੈ ਜੋ ਹੇਠ ਲਿਖੇ ਮਿਆਰ ਤੇ ਪੂਰੀ ਉਤਰਦੀ ਹੈ:
੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲ਼ਿਆਂ, ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ’ਤੇ ਪੂਰਨ ਨਿਸ਼ਚਾ ਰੱਖਣ ਵਾਲੀਆਂ ਸਿੱਖ ਸੰਸਥਾਵਾਂ ਅਤੇ ਪ੍ਰਬੰਧਕ ਕਮੇਟੀਆਂ।
੨. ਉਹ ਸਿੱਖ ਸੰਸਥਾਵਾਂ ਜਾਂ ਪ੍ਰਬੰਧਕ ਕਮੇਟੀਆਂ, ਜਿਸਦੇ ਪ੍ਰਬੰਧਕੀ ਢਾਂਚੇ ਜਾਂ ਮੁਖੀ ਨੂੰ ਬਿਨਾਂ ਰਾਜਸੀ ਦਖਲਅੰਦਾਜ਼ੀ ਦੇ ਉਸ ਨਾਲ ਜੁੜੀ ਸਿੱਖ ਸੰਗਤ ਨਿਰਧਾਰਤ ਨਿਯਮਾਂ ਅਨੁਸਾਰ ਚੁਣਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਬੇਨਤੀ ਹੈ ਕਿ ਉਹ ਖੁਦ ਨੂੰ ਰਾਜਸੀ ਦਖਲਅੰਦਾਜ਼ੀ ਤੋਂ ਮੁਕਤ ਕਰਵਾਉਣ ਲਈ ਉਪਰਾਲੇ ਕਰੇ, ਜਿਸ ਨਾਲ ਉਹ ਸਰਬੱਤ ਖ਼ਾਲਸਾ ਦਾ ਹਿੱਸਾ ਬਣਨ ਵਾਸਤੇ ਯੋਗਤਾ ਦੇ ਮਿਆਰ ’ਤੇ ਪੂਰਾ ਉਤਰ ਸਕੇ।

3) **ਪਾਰਦਰਸ਼ਤਾ:** ਸਰਬੱਤ ਖਾਲਸਾ ਜਥੇਬੰਦੀ ਦਾ ਵਿਧੀ-ਵਿਧਾਨ, ਸਮੁਚੀ ਸਿੱਖ ਸੰਗਤ ਲਈ ਪਾਰਦਰਸ਼ੀ ਹੈ। ਪਾਰਦਰਸ਼ਤਾ ਦੇ ਕਾਰਨ ਹੀ ਸਿੱਖ ਸੰਗਤ ਦਾ ਇਸ ਵਿਚ ਵਿਸ਼ਵਾਸ ਬੱਝੇਗਾ ਅਤੇ ਪਾਰਦਰਸ਼ਤਾ ਹੀ ਖੋਟੇ ਲੋਕਾਂ ਨੂੰ ਇਸ ਤੋਂ ਦੂਰ ਰੱਖਣ ਦਾ ਵਸੀਲਾ ਬਣੇਗੀ।

4) **ਨਿਰੰਤਰ ਸੁਧਾਰ:** ਉਪਰ ਲਿਖੇ ਤਿੰਨ ਨੁਕਤਿਆਂ ਦੀ ਮਜ਼ਬੂਤੀ ਲਈ ਸਵੈ-ਪੜਚੋਲ ਅਤੇ ਨਿਰੰਤਰ ਸੁਧਾਰ ਸਰਬੱਤ ਖਾਲਸਾ ਜਥੇਬੰਦੀ ਦੇ ਵਿਧੀ-ਵਿਧਾਨ ਦਾ ਹਿੱਸਾ ਹੈ। ਨਿਰੰਤਰ ਸੁਧਾਰ ਵਾਸਤੇ ਇਹ ਜ਼ਰੂਰੀ ਹੈ ਕਿ ਨਵੇਂ ਵਿਚਾਰ ਅਤੇ ਨਵੇਂ ਹੁਨਰ ਲਈ ਥਾਂ ਬਣੀ ਰਹੇ। ਇਸ ਵਾਸਤੇ ਪੰਜ ਪਿਆਰਿਆਂ ਦਾ ਕਾਰਜ ਸਮਾਂ ਪੰਜ ਸਾਲ ਨਿਰਧਾਰਤ ਹੈ।

ਸਰਬੱਤ ਖ਼ਾਲਸਾ ਸੰਵਾਦ ਰਾਹੀਂ ਉਨ੍ਹਾਂ ਕੌਮੀ ਕਾਰਜਾਂ ਦੀ ਨਿਸ਼ਾਨਦੇਹੀ ਕਰਕੇ ਅਤੇ ਕ੍ਰਮਬੰਦ ਕਰਕੇ ਹੱਲ ਕਰਨ ਦੇ ਜਤਨ ਕਰੇਗਾ, ਜਿਨ੍ਹਾਂ ਨੂੰ ਜਾਂ ਤਾਂ ਅਧੂਰਾ ਛੱਡ ਦਿੱਤਾ ਗਿਆ ਹੈ ਜਾਂ ਜੋ ਅਜੇ ਤੱਕ ਅਣਛੋਹੇ ਹਨ। ਸਰਬੱਤ ਖ਼ਾਲਸਾ ਵੱਲੋਂ ਵਿਸ਼ਾ-ਮਾਹਰ ਗੁਰੂ-ਪੰਥਦਰਦੀ ਵਿਦਵਾਨਾਂ ਨਾਲ ਵਿਚਾਰ ਵਟਾਂਦਰਿਆਂ ਉਪਰੰਤ ਕਾਰਜ ਆਰੰਭ ਕਰ ਦਿੱਤਾ ਜਾਏਗਾ।

ਇਸ ਖੁੱਲ੍ਹੇ ਪੱਤਰ ਰਾਹੀਂ ਸਾਰੀਆਂ ਸਿੱਖ ਸੰਸਥਾਵਾਂ ਅਤੇ ਗੁਰੂ-ਪੰਥਦਰਦੀ ਵੀਰਾਂ-ਭੈਣਾਂ ਨੂੰ ਬੇਨਤੀ ਹੈ ਕਿ ਆਉ ਸਰਬੱਤ ਖ਼ਾਲਸਾ ਨਾਲ ਜੁੜਕੇ ਇਸਦਾ ਅੰਗ ਬਣੀਏ। ਗੁਰਮਤਿ ਦੇ ਚਾਨਣ ਵਿੱਚ ਆਪਣੇ ਕੌਮੀ ਮਸਲੇ ਆਪਣੇ ਹੱਥ ਵਿੱਚ ਲੈ ਕੇ ਪੰਚ-ਪ੍ਰਧਾਨੀ ਸੰਕਲਪ ਅਧੀਨ ਹੱਲ ਕਰਨ ਦੇ ਯਤਨ ਕਰੀਏ:
**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥**

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ।

**ਵੱਲੋਂ ਪੰਜ ਪ੍ਰਧਾਨੀ ਕੌਂਸਲ:**

ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।